


ਰਾਬਿੰਦਰਨਾਥ ਟੈਗੋਰ

ਰਬਿੰਦਰਨਾਥ ਟੈਗੋਰ ਦਾ ਜਨਮ ਪਿਤਾ ਮਹਾਰਿਸ਼ੀ ਦੇਬੇਂਦਰਨਾਥ ਟੈਗੋਰ ਅਤੇ ਸ਼ਾਰਦਾ ਦੇਵੀ ਦੇ ਘਰ 7 ਮਈ, 1861 ਨੂੰ ਕੋਲਕਾਤਾ ਦੇ ਜੋੜਾਸਾਂਕੋ ਠਾਕੁਰਬਾੜੀ ਵਿੱਚ ਹੋਇਆ ਸੀ। ਉਨ੍ਹਾਂ ਦੀ ਸਕੂਲ ਦੀ ਪੜ੍ਹਾਈ ਮਸ਼ਹੂਰ ਸੇਂਟ ਜੇਵੀਅਰ ਸਕੂਲ ਵਿੱਚ ਹੋਈ। ਉਨ੍ਹਾਂ ਨੇ ਵਕੀਲ ਬਨਣ ਦੀ ਚਾਹਤ ਵਿੱਚ 1878 ਵਿੱਚ ਇੰਗਲੈਂਡ ਦੇ ਬਰਿਜਟੋਨ ਦੇ ਇੱਕ ਪਬਲਿਕ ਸਕੂਲ ਵਿੱਚ ਨਾਮ ਦਰਜ ਕਰਾਇਆ। ਉਨ੍ਹਾਂ ਨੇ ਲੰਡਨ ਯੂਨੀਵਰਸਿਟੀ ਵਿੱਚ ਕਨੂੰਨ ਦੀ ਪੜ੍ਹਾਈ ਕੀਤੀ ਲੇਕਿਨ 1880 ਵਿੱਚ ਬਿਨਾਂ ਡਿਗਰੀ ਹਾਸਲ ਕੀਤੇ ਹੀ ਆਪਣੇ ਦੇਸ਼ ਵਾਪਸ ਆ ਗਏ। 1883 ਵਿੱਚ ਉਨ੍ਹਾਂ ਦਾ ਵਿਆਹ 'ਮ੍ਰਿਨਾਲਿਨੀ ਦੇਵੀ' ਨਾਲ ਹੋਇਆ ਜੋ ਜੈਸੋਰ (ਅੱਜਕਲ੍ਹ ਪੂਰਬੀ ਪਾਕਿਸਤਾਨ ਭਾਵ ਬੰਗਲਾਦੇਸ਼) ਦੀ ਰਹਿਣ ਵਾਲੀ ਸੀ।



ਆਪਣੀ ਪਤਨੀ ਮ੍ਰਿਨਾਲਿਨੀ ਦੇਵੀ ਨਾਲ
ਰਬਿੰਦਰਨਾਥ, 1883

ਰਬਿੰਦਰਨਾਥ ਟੈਗੋਰ, ਇੱਕ ਬਹੁਰੰਗੀ ਸੁਭਾ ਦੀ ਸ਼ਖਸੀਅਤ ਹਨ। ਉਨ੍ਹਾ ਦਾ ਜੀਵਨ ਸ਼ਬਦਾਂ, ਸੰਗੀਤਕ ਧੁਨਾਂ, ਰੰਗਾਂ ਤੇ ਲਕੀਰਾਂ ਵਿੱਚ ਇੱਕੋ ਵੇਲੇ ਸਫ਼ਰ ਕਰਦਾ ਹੈ।

ਇਹ ਇੱਕ ਹਕੀਕਤ ਹੈ ਕਿ ਅੱਜ ਵੀ ਬਹੁਤੀ ਦੁਨੀਆ ਉਨ੍ਹਾ ਨੂੰ ਇੱਕ ਅਜ਼ੀਮ ਕਵੀ ਦੇ ਤੌਰ 'ਤੇ ਹੀ ਜਾਣਦੀ ਹੈ; ਇੱਕ ਅਜਿਹਾ ਕਵੀ ਜੋ ਗੀਤਾਂਜਲੀ ਵਰਗੀ ਅਮਰ ਰਚਣਾ ਦਾ ਰਚਣਹਾਰ ਹੈ, ਜਿਸਦੇ ਗੀਤਾਂ ਨੂੰ ਇੱਕ ਨਹੀਂ ਦੋ-ਦੋ ਦੇਸ਼ਾਂ ਦੇ ਕੌਮੀ ਗੀਤ ਹੋਣ ਦਾ ਫ਼ਖਰ ਹਾਸਿਲ ਹੈ। ਪਰ ਸਾਹਿਤ ਦੇ ਖੇਤਰ

ਵਿਚ ਟੈਗੋਰ ਦਾ ਯੋਗਦਾਨ ਸਿਰਫ਼ ਕਵਿਤਾ ਦੇ ਹੀ ਦਾਇਰੇ ਤੱਕ ਸੀਮਤ ਨਹੀਂ ਹੈ, ਉਨ੍ਹਾ ਨੇ ਨਾਵਲ, ਕਹਾਣੀ, ਨਾਟਕ, ਸਫ਼ਰਨਾਮਾ, ਜੀਵਨੀ ਤੇ ਨਿਬੰਧਕਾਰੀ ਵਿੱਚ ਵੀ ਆਪਣਾ ਭਰਪੂਰ ਹਿੱਸਾ ਪਾਇਆ ਹੈ। ਸੰਗੀਤ ਦੇ ਖੇਤਰ ਵਿੱਚ ਅੱਜ ਵੀ ਉਨ੍ਹਾ ਦਾ ਰਬਿੰਦਰ ਸੰਗੀਤ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੇ ਪੂਰਬੀ ਏਸ਼ੀਆ ਦੇ ਮੁਲਕਾਂ ਅੰਦਰ ਉਵੇਂ ਹੀ ਗੂੰਜਦਾ ਹੈ, ਸ਼ਾਸਤਰੀ ਸੰਗੀਤ ਦੀਆਂ ਸਭਾਵਾਂ ਤੋਂ ਲੈ ਕੇ ਲੋਕ-ਧੁਨਾਂ ਅੰਦਰ ਉਸਦੀ ਪੈਠ ਅੱਜ ਵੀ ਕਾਇਮ ਹੈ।

# ਸਿਆਲਦਾਅ ਕਿਆਮ: 1878–1901



ਟੈਗੋਰ ਦਾ ਸਿਆਲਦਾਅ, (ਹੁਣ ਬੰਗਲਾਦੇਸ਼ ਵਿੱਚ) ਵਾਲਾ ਘਰ

ਜਦੋ ਮਹਾਰਿਸ਼ੀ ਨੇ ਜ਼ਮੀਂਦਾਰੀ ਦੀ ਦੇਖਰੇਖ ਦਾ ਕੰਮ ਟੈਗੋਰ ਦੇ ਹਵਾਲੇ ਕਰ ਦਿੱਤਾ। ਤਾਂ ਉਹ ਆਪਣੀ ਪਤਨੀ ਸਮੇਤ ਕਲਕੱਤਾ ਤੋਂ ਸਿਆਲਦਾਅ ਆਕੇ ਰਹਿਣ ਲਗ ਪਏ। ਟੈਗੋਰ ਦੀ ਰਿਹਾਇਸ਼ ਪਦਮਾ ਨਦੀ ਦੇ ਕੰਡੇ ਸੀ। ਕੰਮ ਦੇ ਸਿਲਸਿਲੇ ਵਿੱਚ ਉਨ੍ਹਾ ਨੂੰ ਕਈ-ਕਈ ਦਿਨ ਦਰਿਆਈ ਸਫ਼ਰ ’ਤੇ ਰਹਿਣ ਪੈਂਦਾ। ਉਸ ਛੋਟੀ ਜਿਹੀ ਕਸ਼ਤੀ ਵਿੱਚ, ਜਿਸਦਾ ਨਾਂ ਵੀ ਉਨ੍ਹਾ ਨੇ ਪਦਮਾ ਹੀ ਰਖ ਲਿਆ ਸੀ, ਮਾਂਝੀਆਂ ਤੋਂ ਛੁੱਟ ਹੋਰ ਕੋਈ ਨਾ ਹੁੰਦਾ। ਟੈਗੋਰ ਲਿਖਦੇ ਹਨ ਕਿ ਕਈ-ਕਈ ਦਿਨ ਤਾਂ ਬਿਣਾ ਬੋਲਿਆਂ ਹੀ ਨਿਕਲ ਜਾਂਦੇ ਤੇ ਫੇਰ ਉਨ੍ਹਾ ਨੂੰ ਆਪਣੀ ਹੀ ਆਵਾਜ਼ ਪਛਾਨਣੀ ਮੁਸ਼ਕਿਲ ਹੋ ਜਾਂਦੀ। ਪਰ ਇਹੋ ਸਮਾਂ ਸੀ ਜਦ ਟੈਗੋਰ ਨੇ ਆਮ ਲੋਕਾਂ ਦੇ ਜੀਵਨ ਨੂੰ ਪਹਿਲੀ ਵਾਰ ਨੇੜਿਓਂ ਦੇਖਿਆ ਸੀ,

ਟੈਗੋਰ ਆਪਣੇ ਬੱਚਿਆਂ ਨੂੰ ਉਸ ਕੌੜੇ ਅਨੁਭਵ ਤੋਂ ਬਚਾਉਣਾ ਚਾਹੁੰਦੇ ਜਿਸ ਵਿੱਚੋਂ ਉਨ੍ਹਾ ਨੂੰ ਲੰਘਣਾ ਪਿਆ ਸੀ। ੧੯੦੧ ਵਿੱਚ ਉਹ ਆਪਣੀ ਪਤਨੀ ਤੇ ਬੱਚਿਆਂ ਸਮੇਤ ਸ਼ਾਂਤੀ-ਨਿਕੇਤਨ ਆ ਗਏ। ਉਨ੍ਹਾ ਦਾ ਇਰਾਦਾ ਇੱਕ ਸਕੂਲ ਖੋਲਣ ਦਾ ਸੀ, ਇੱਕ ਇਹੋ ਜਿਹਾ ਸਕੂਲ ਜਿਹੜਾ ਫ਼ੈਕਟਰੀਨੁਮਾ ਸਿਧਾਂਤਾਂ ’ਤੇ ਨਾ ਚਲਦਾ ਹੋਵੇ। ਸਭਿਆਚਾਰ ਦੀ ਦੁਨੀਆ ਵਿੱਚ ਦਾਖਿਲ ਕਰਾਉਣ ਲਈ ਜਿਹੜਾ ਬੱਚਿਆਂ ਨੂੰ ਉਨ੍ਹਾ ਦੇ ਕੁਦਰਤੀ ਆਲੇ-ਦੁਆਲੇ ਨਾਲੋਂ ਤੋੜਦਾ ਨਾ ਹੋਵੇ। ਇੱਕ ਇਹੋ ਜਿਹਾ ਸਕੂਲ ਜਿੱਥੇ ਬੱਚੇ ਸਿਰਫ਼ ਸਕੂਲ ਦੀ ਚਾਰ-ਦੀਵਾਰੀ ਵਿੱਚ ਹੀ ਨਹੀਂ ਸਮੁੱਚੇ ਆਲੇ-ਦੁਆਲੇ ’ਚੋ ਸਿਖਿਆ ਲੈ ਸਕਣ ਦੀ ਯੋਗਤਾ ਹਾਸਿਲ ਕਰਣ। ਇਹ ਸਕੂਲ ਟੈਗੋਰ ਦੇ ਸੁਫ਼ਨਿਆ ਦਾ ਸਕੂਲ ਸੀ।

ਟੈਗੋਰ ਨੂੰ ਬਚਪਨ ਤੋਂ ਹੀ ਕੁਦਰਤ ਦਾ ਨੇੜ ਬਹੁਤ ਭਾਉਂਦਾ ਸੀ। ਉਹ ਹਮੇਸ਼ਾ ਸੋਚਿਆ ਕਰਦੇ ਸਨ ਕਿ ਕੁਦਰਤ ਦੇ ਮਾਹੌਲ ਵਿੱਚ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਕਰਨੀ ਚਾਹੀਦੀ ਹੈ। ਇਸ ਸੋਚ ਨੂੰ ਸਾਕਾਰ ਕਰਨ ਲਈ ਸ਼ਾਂਤੀਨਿਕੇਤਨ ਦੀ ਸਥਾਪਨਾ ਕੀਤੀ

# ਟੈਗੋਰ ਤੇ ਜਲ੍ਹਿਆਂਵਾਲਾ ਬਾਗ

ਜਲ੍ਹਿਆਂਵਾਲਾ ਦੇ ਸਾਕੇ ਨੇ ਟੈਗੋਰ ਦੇ ਮਨ ਵਿੱਚ "ਰਾਜ" ਦੀ ਛਵੀ ਨੂੰ ਹਮੇਸ਼ਾ ਲਈ ਤਬਦੀਲ ਕਰ ਦਿੱਤਾ ਸੀ। ਪਛਮੀ ਸਭਿਅਤਾ ਬਾਰੇ ਉਸਦੀ ਧਾਰਨਾ ਵਿੱਚ ਤਿੱਖੀ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ, ਜਿਸਦਾ ਸਿਖਰ "ਸਭਿਅਤਾ ਦਾ ਸੰਕਟ" ਨਾਂ ਦੇ ਉਸਦੇ ਭਾਸ਼ਣ ਵਿੱਚ ਪ੍ਰਗਟ ਹੁੰਦਾ ਹੈ ਜੋ ਉਸਨੇ ਆਪਣੇ ਆਖਰੀ ਜਨਮਦਿਨ ਸਮੇਂ ਦਿੱਤਾ ਸੀ।

1. ਰਵਿੰਦਰ ਨਾਥ ਟੈਗੋਰ ਭਾਰਤ ਦੇ ਮਹਾਨ ਕਵੀ, ਲੇਖਕ, ਕਲਾਕਾਰ ਤੇ ਦੇਸ਼ ਭਗਤ ਹੋਏ ਹਨ।

2. ਰਵਿੰਦਰ ਨਾਥ ਟੈਗੋਰ ਜੀ ਦਾ ਜਨਮ 7 ਮਈ, 1861 ਈ: ਵਿੱਚ ਕਲਕੱਤੇ ਵਿਖੇ ਹੋਇਆ।

KINEMASTER

3. ਆਪ ਦੇ ਪਿਤਾ ਦਵੇਂਦਰ ਨਾਥ ਠਾਕੁਰ ਬੰਗਾਲ ਦੇ ਪ੍ਰਸਿੱਧ ਵਿਦਵਾਨ ਸਨ।

4. ਆਪ ਜੀ ਦੀ ਮਾਤਾ ਦਾ ਨਾਂ ਸ਼ਾਰਦਾ ਦੇਵੀ ਸੀ।

KINEMASTER

5. ਆਪ ਆਪਣੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ।

6. ਆਪ ਨੇ ਲੰਡਨ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ।

7. ਆਪ ਨੂੰ ਬਚਪਨ ਤੋਂ ਹੀ ਕਵਿਤਾਵਾਂ ਲਿਖਣ ਦਾ ਬਹੁਤ ਸ਼ੌਂਕ ਸੀ।

8. ਆਪ ਨੇ ਕਵਿਤਾਵਾਂ ਤੋਂ ਇਲਾਵਾ ਕਈ ਕਹਾਣੀਆਂ, ਨਾਵਲ ਅਤੇ ਨਾਟਕ ਵੀ ਰਚੇ।

KINEMASTER

Devanshi Vridhi

9. 1913 ਵਿੱਚ ਆਪ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

10. ਆਪ ਨੇ ਦੇਸ਼ ਦੇ ਰਾਸ਼ਟਰੀ ਗੀਤ 'ਜਨ-ਗਣ-ਮਨ' ਦੀ ਰਚਨਾ ਕੀਤੀ।

KINEMASTER

11. ਆਪ ਇੱਕ ਸੱਚੇ ਦੇਸ਼-ਭਗਤ ਵੀ ਸਨ।

12. ਆਪ ਦਾ ਆਪਣੀ ਮਾਂ-ਬੋਲੀ ਨਾਲ ਬਹੁਤ ਪਿਆਰ ਸੀ।

KINEMASTER

13. ਰਵਿੰਦਰ ਨਾਥ ਟੈਗੋਰ ਜੀ ਨੇ 'ਸ਼ਾਂਤੀ ਨਿਕੇਤਨ' ਨਾਂ ਦੇ ਸਕੂਲ ਦੀ ਸਥਾਪਨਾ ਕੀਤੀ।

14. ਆਪ ਨੂੰ ਸਤਿਕਾਰ ਨਾਲ ਗੁਰੂਦੇਵ ਵੀ ਕਿਹਾ ਜਾਂਦਾ ਹੈ।

KINEMASTER